a2zpapers.com

**Exam. Code : 112102**
**Subject Code : 3553**

## B. Design (Multimedia) 2nd Semester
## PUNJABI (Compulsory)
## Paper—VII (i)

Time Allowed—Three Hours] [Maximum Marks—50

**ਨੋਟ :—** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿਚ **ਦੋ** ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿਚੋਂ **ਇਕ** ਪ੍ਰਸ਼ਨ ਦਾ ਉੱਤਰ ਦੇਣਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ। ਹਰ ਪ੍ਰਸ਼ਨ ਦੇ ਬਰਾਬਰ ਅੰਕ ਹਨ।

### ਭਾਗ–ਪਹਿਲਾ

1. ਗੁਰਮੁਖ ਸਿੰਘ ਮੁਸਾਫ਼ਿਰ ਦੀ ਕਹਾਣੀ 'ਗੁਟਾਰ' ਦਾ ਵਿਸ਼ਾ-ਵਸਤੂ ਲਿਖੋ।
2. ਮੋਹਨ ਭੰਡਾਰੀ ਦੀ ਕਹਾਣੀ 'ਘੋਟਣਾ' ਦੇ ਪਾਤਰ ਕਿਸ਼ਨੇ ਤਰਖਾਣ ਦੇ ਨਾਲ ਜਾਣ ਪਛਾਣ ਕਰਵਾਓ। 10

### ਭਾਗ–ਦੂਜਾ

3. ਡਾ. ਗੰਡਾ ਸਿੰਘ ਦੇ ਲੇਖ 'ਅਫਗਾਨਿਸਤਾਨ ਦੇ ਲੋਕ' ਦਾ ਸਾਰ ਲਿਖੋ।
4. 'ਨਾਭਾ ਮੋਰਚਾ' ਲੇਖ ਦੇ ਆਧਾਰ ਤੇ ਮਾਸਟਰ ਤਾਰਾ ਸਿੰਘ ਦੀ ਲਿਖਣ ਸ਼ੈਲੀ ਤੇ ਨੋਟ ਲਿਖੋ। 10

### ਭਾਗ–ਤੀਜਾ

5. ਸ਼ਬਦ ਤੋਂ ਕੀ ਭਾਵ ਹੈ ? ਮਿਸ਼ਰਤ ਅਤੇ ਸੰਯੁਕਤ ਸ਼ਬਦਾਂ ਵਿਚਲਾ ਅੰਤਰ ਮਿਸਾਲਾਂ ਦੇ ਕੇ ਸਪੱਸ਼ਟ ਕਰੋ।
6. ਕਿਰਿਆ ਵਿਸ਼ੇਸ਼ਣਾਂ ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਵਿਚ ਇਨ੍ਹਾਂ ਦੀ ਵਰਤੋਂ ਬਾਰੇ ਸੰਖੇਪ ਨੋਟ ਲਿਖੋ। 10

### ਭਾਗ–ਚੌਥਾ

7. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ :
ਛੋਟੀ ਕਹਾਣੀ ਦੇ ਪਿਛਲੇ ਸੌ ਕੁ ਸਾਲਾਂ ਤੋਂ ਸਾਹਿਤ ਵਿਚ ਪ੍ਰਚੱਲਤ ਹੋ ਜਾਣ ਦੇ ਕਈ ਕਾਰਨ ਦੱਸੇ ਜਾਂਦੇ ਹਨ। ਸਭ ਤੋਂ ਸਿੱਧਾ ਤੇ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਸਾਫ਼ ਕਾਰਨ ਕਿਹਾ ਜਾਂਦਾ ਹੈ ਅੱਜ ਕੱਲ ਦੇ ਆਦਮੀ ਪਾਸ ਫੁਰਸਤ ਦੀ ਥੁੜ। ਅਸਾਡਾ ਜੀਵਨ ਇਤਨਾ ਰੁਝਿਆ ਰਿਹਾ ਹੈ ਕਿ ਵੱਡੇ ਵੱਡੇ ਨਾਵਲ ਪੜ੍ਹਨ ਦਾ ਅਸਾਡੇ ਪਾਸ ਸਮਾਂ ਹੀ ਨਹੀਂ। ਇਹ ਗਲ ਵੀ ਠੀਕ ਹੈ ਪਰ ਕਿਉਂਕਿ ਅਸੀਂ ਹਰ ਇਕ ਕੰਮ ਛੇਤੀ ਨਜਿੱਠਣ ਦੇ ਆਦੀ ਹੋ ਗਏ ਹਾਂ, ਅਸਾਡੇ ਸੁਭਾਵ ਵਿਚ ਹੀ ਕਾਹਲ ਵੜ ਗਈ ਹੈ। ਅਸੀਂ ਹਰ ਕੰਮ ਵਿਚ ਕਾਹਲ ਤੇ ਛੇਤੀ ਦੇ ਆਦੀ ਹੋ ਗਏ ਹਾਂ। ਅਸਾਡੇ ਵਿਚ ਨਾਵਲ ਪੜ੍ਹਨ ਲਈ ਜੋ ਸਬਰ ਦਰਕਾਰ ਹੈ, ਨਹੀਂ ਰਿਹਾ। ਇਸੇ ਤਰ੍ਹਾਂ ਅਸਾਡੇ ਵਿਚ ਵਿਹਲ ਨੂੰ ਬੇਫਿਕਰ ਹੋ ਕੇ ਕਿਸੇ ਖੇਡ ਜਾਂ ਸ਼ੁਗਲ ਵਿਚ ਗੁਜ਼ਾਰਨ ਦੀ ਸ਼ਕਤੀ ਨਹੀਂ ਰਹੀ। ਅਸੀਂ ਵਿਹਲ ਨੂੰ ਮਾਨਸਿਕ ਤੌਰ ਤੇ ਬਰਦਾਸ਼ਤ ਨਹੀਂ ਕਰ ਸਕਦੇ। ਕੰਮ ਬਿਨਾਂ ਸਾਡਾ ਝਟ ਨਹੀਂ ਲੰਘਦਾ ਅਤੇ ਅੱਧੇ ਘੰਟੇ ਤੋਂ ਵੱਧ ਦਾ ਅਨੰਦ ਵੀ ਅਸਾਨੂੰ ਥਕਾ ਦਿੰਦਾ ਹੈ। ਸੋ ਮੇਰੀ ਜਾਚ ਵਿਚ ਅਸਾਡੇ ਛੋਟੀ ਕਹਾਣੀ ਤੇ ਇਕਾਂਗੀ ਨਾਟਕ ਨੂੰ ਪਸੰਦ ਕਰਨ ਦਾ ਕਾਰਨ ਵਿਹਲ ਦੀ ਥੁੜ੍ਹ ਨਹੀਂ, ਬੇਸਬਰੀ ਹੈ। ਅਸਾਡੀ ਬੇਸਬਰੀ ਮਾਨਸਿਕ ਅਵੱਸਥਾ ਹੈ।

8. (ੳ) ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿਚ ਵਰਤੋ :

ਉਸਤਾਦੀ ਕਰਨੀ, ਅੱਖਾਂ ਮੀਟ ਜਾਣਾ, ਕੰਨਾਂ ਨੂੰ ਹੱਥ ਲਾਉਣੇ, ਚਾਂਦੀ ਦੀ ਜੁੱਤੀ ਮਾਰਨਾ, ਲਾਲ ਪੀਲਾ ਹੋਣਾ

(ਅ) ਹੇਠ ਲਿਖੇ ਅਖਾਣਾਂ ਨੂੰ ਵਾਕਾਂ ਵਿਚ ਵਰਤੋ :

ਇਕ ਅਨਾਰ, ਸੌ ਬਿਮਾਰ
ਸੱਦੀ ਨਾ ਬੁਲਾਈ, ਮੈਂ ਲਾੜੇ ਦੀ ਤਾਈ
ਉੱਠ ਨਾ ਸਕਾਂ, ਫਿੱਟੇ ਮੂੰਹ ਗੋਡਿਆਂ ਦਾ
ਅੰਨ੍ਹਾ ਵੰਡੇ ਰਿਉੜੀਆਂ, ਮੁੜ-ਮੁੜ ਆਪਣਿਆਂ ਨੂੰ
ਜੋ ਸੁਖ ਛੱਜੂ ਦੇ ਚੁਬਾਰੇ, ਉਹ ਬਲਖ਼ ਨਾ ਬੁਖ਼ਾਰੇ 10



www.a2zpapers.com www.a2zpapers.com
ad free old Question papers gndu, ptu hp board, punjab